# ਪਰਮੇਸ਼ਵਰ ਦਾ ਪ੍ਰਕਾਸ਼

# ਪਰਮੇਸ਼ਵਰ ਪਿਤਾ

### ਪਰਮੇਸ਼ਵਰ ਦਾ ਆਤਮਾ

1. ਪਰਮੇਸ਼ਵਰ ਉਹ ਹੈ ਜਿਸ ਵਿਚ ਮਨੁੱਖੀ ਸੰਸਾਰ ਵਿਦਵਤਾ ਰਾਹੀਂ ਜੁੜਿਆ ਹੋਇਆ ਹੈ।

2. ਮਨੁੱਖੀ ਸਮਾਜ ਉੱਤੇ ਉਹ ਸ਼ਕਤੀ ਜਿਸ ਉੱਤੇ ਮਨੁੱਖੀ ਸਮਾਜ ਨਿਰਭਰ ਕਰਦਾ ਹੈ।

3. ਉਹ ਸੰਪੂਰਨ ਸ਼ਕਤੀ ਜਿਸ ਉੱਤੇ ਸਾਡਾ ਸੱਭਿਚਾਰਿਕ ਵਿਗਿਆਨ ਨਿਰਭਰ ਕਰਦਾ ਹੈ।

4. ਇੱਕ ਰੱਬੀ ਸ਼ਖਸ਼ੀਅਤ ਜਿਸ ਵਲ ਅਸੀਂ ਦੁਆ ਕਰਕੇ ਕੁਝ ਪ੍ਰਾਪਤ ਕਰਦੇ ਹਾਂ।

ਪਰਮੇਸ਼ਵਰ ਦੀ ਸਭ ਤੋਂ ਢੁਕਵੀਂ ਅਤੇ ਸਚੀ ਵਿਆਖਿਆ ਯਿਸ਼ੂ ਨੇ (ਯੁਹੰਨਾ 4:24) ਵਿਚ ਕੀਤੀ ਹੈ। ਪਰਮੇਸ਼ਵਰ ਆਤਮਾ ਹੈ ਅਤੇ ਜੋ ਉਹਦੀ ਭਗਤੀ ਕਰਦੇ ਹਨ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਆਤਮਾ ਅਤੇ ਸੱਚਾਈ ਨਾਲ ਭਗਤੀ ਕਰਨ। (ਯੁਹੰਨਾ 4:24)

ਯਹੋਵਾਹ ਦਾ ਵਾਕ ਹੈ, ਕਿਆ ਕੋਈ ਮਨੁੱਖ ਖੁਦ ਨੂੰ ਪੜਦੇ ਵਿਚ ਲੁਕਾ ਲਵੇਗਾ ਕਿ ਮੈਂ ਉਹਨੂੰ  ਨਾਂ ਦੇਖਾਂ? ਯਹੋਵਾਹ ਦਾ ਵਾਕ ਹੈ ਕਿਆ ਆਕਾਸ਼ ਅਤੇ ਧਰਤੀ ਮੇਰੇ ਨਾਲ ਨਹੀਂ ਭਰੇ ਹੋਏ? (ਯਿਰਮਿਆਹ 23:24)

ਮੈਂ ਤੇਰੇ ਆਤਮਾ ਤੋਂ ਕਿੱਧਰ ਜਾਵਾਂ ਅਤੇ ਤੇਰੀ ਹਜ਼ੂਰੀ ਤੋਂ ਕਿਧਰ ਭੱਜਾਂ? ਜੇ ਮੈਂ ਆਕਾਸ਼ ਉੱਤੇ ਚੜ ਜਾਵਾਂ, ਤੂੰ ਉਥੇ ਹੈਂ, ਜੇ ਮੈਂ ਪਾਤਾਲ ਵਿਚ ਵਿਸਤਰ ਲਗਾਵਾਂ, ਤੂੰ ਉਥੇ ਹੈਂ । (ਜ਼ਬੂਰ 139:7-8)

ਪਰਮੇਸ਼ਵਰ ਦਾ ਕੋਈ ਨਿਸ਼ਚਿਤ ਠਿਕਾਣਾ ਨਹੀਂ। ਮਨੁੱਖ ਅਤੇ ਸੁਰਗ ਦੇ ਫਰਿਸ਼ਤੇ ਇੱਕ ਸਮੇ ਤੇ ਕੇਵਲ ਇੱਕੋ ਜਗਾਹ ਹੋ ਸਕਦੇ ਹਨ। ਸਾਡੀ ਆਤਮਾ ਸਾਡੇ ਭੌਤਿਕ  ਸਰੀਰ ਵਿਚ ਸੀਮਿਤ ਹੈ ਅਤੇ ਉਹ ਇੱਕ ਸਮੇ ਕੇਵਲ ਇੱਕੋ ਜਗਾਹ ਹੋ ਸਕਦੀ ਹੈ। ਪਰਮੇਸ਼ਵਰ ਇਸ ਤਰਾਂ ਸੀਮਤ ਨਹੀਂ ਹੈ। ਪਰਮੇਸ਼ਵਰ ਖੁਦ ਵਿਚ ਭੀ ਅਸੀਮ ਹੈ ਅਤੇ ਉਹ ਜਦੋਂ ਖੁਦ ਦਾ ਪ੍ਰਗਟਾਵਾ ਕਰਦਾ ਹੈ ਉਹ ਆਪਣੇ ਕਿਸੇ ਅੰਸ਼ ਦਾ ਪ੍ਰਗਟਾਵਾ ਕਰਦਾ ਹੈ ਅਤੇ ਇਸ ਤਰਾਂ ਅਸੀਂ ਪਰਮੇਸ਼ਵਰ ਵਾਰੇ ਬਹੁਤ ਸੀਮਤ ਗਿਆਨ ਪ੍ਰਾਪਤ ਕਰ ਸਕਦੇ ਹਾਂ।

ਇਸ ਦੇ ਉਲਟ ਅਸੀਂ ਆਪਣੇ ਛੋਟੇਪਨ ਨੂੰ ਬਹੁਤ ਵੱਡਾ ਕਰਕੇ ਦਿਖਾਉਂਦੇ ਹਾਂ। ਪਰਮੇਸ਼ਵਰ ਨੇ ਅਨੰਤ ਸ੍ਰਿਸ਼ਟੀ ਦੀ ਰਚਨਾ ਕੀਤੀ ਜਿਸ ਵਾਰੇ ਅਸੀਂ ਜਾਣ ਨਹੀਂ ਸਕਦੇ ਪਰ ਸ੍ਰਿਸ਼ਟੀ ਫਿਰ ਭੀ ਉਸ ਵਾਰੇ ਅਗਿਆਨੀ ਹੈ। ਸ੍ਰਿਸ਼ਟੀ ਦੀ ਰਚਨਾ ਵਿਚ ਪਰਮੇਸ਼ਵਰ ਆਪਣਾ ਕੇਵਲ ਰਚਨਹਾਰ ਦਾ ਰੂਪ ਪ੍ਰਗਟ ਕਰਦਾ ਹੈ ਜਦਕਿ ਉਸਦੇ ਰਚਨਹਾਰ ਤੋਂ ਇਲਾਵਾ ਭੀ ਅਨੰਤ ਗੁਣ ਹਨ। ਅਸੀਂ ਇੱਕ ਸਰੀਰ ਵਿਚ ਸਿਮਟੇ ਹੋਏ ਖੁਦ ਦਾ ਉਸ ਬਰਾਬਰ ਰੁਤਵਾ ਦਿਖਾਉਣ ਦਾ ਯਤਨ ਕਰਦੇ ਹਾਂ।

## ਪਰਮੇਸ਼ਵਰ ਅਦਿੱਖ ਹੈ

ਪਰਮੇਸ਼ਵਰ ਰੂਹਾਨੀ ਸ਼ਕਤੀ ਹੈ ਅਤੇ ਅਸੀਂ ਉਸ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਦੇਖ ਸਕਦੇ। ਕਿਸੇ ਭੀ ਪੁਰੁਖ ਨੇ ਅੱਜ ਤੱਕ ਪਰਮੇਸ਼ਵਰ ਨੂੰ ਨਹੀਂ ਦੇਖਿਆ। (ਯੂਹੰਨਾ 1:18)

ਜੁੱਗਾਂ ਦੇ ਮਹਾਰਾਜ, ਅਭਿਨਾਸ਼ੀ, ਅਲਖ, ਅਦੁਤੀ ਪਰਮੇਸ਼ਵਰ ਦਾ ਆਦਰ ਅਤੇ ਤੇਜ ਜੁੱਗੋ ਜੁਗ ਹੋਵੇ। ਅਮੀਨ (1 ਤਿਮੁਥੀ 1:17)

ਪਰਮੇਸ਼ਵਰ ਨੂੰ ਨਾ ਕਿਸੇ ਪੁਰਖ ਨੇ ਦੇਖਿਆ ਅਤੇ ਨਾਂ ਹੀ ਦੇਖ ਸਕਦਾ ਹੈ। (1 ਤਿਮੁਥੀ 6:16)

ਕਾਸ਼ ਕਿ ਮੈਂ ਇਹ ਜਾਣਦਾ ਕਿ ਉਹਨੂੰ ਕਿਥੇ ਖੋਜਾਂ ਤਾਂ ਮੈਂ ਉਹਦੇ ਵਸੇਵੇ ਤੱਕ ਜਾਂਦਾ। (ਆਯੂਬ 23:3)

ਦੇਖੋ ਮੈਂ ਅੱਗੇ ਜਾਂਦਾ ਹਾਂ ਪਰ ਉਹ ਉਥੇ ਨਹੀਂ ਅਤੇ ਪਿਛੇ ਭੀ ਮੈਂ ਉਹਨੂੰ ਦੇਖਦਾ ਨਹੀਂ। ਅਤੇ ਖੱਬੇ ਵਲ ਜਦੋਂ ਉਹ ਕਮ ਕਰਦਾ ਹੈ ਤਾਂ ਉਹ ਮੈਨੂੰ ਦਿਖਾਈ ਨਹੀਂ ਦਿੰਦਾ ਅਤੇ ਸੱਜੇ ਪਾਸੇ ਮੁੜਦਾ ਹਾਂ ਤਾਂ ਮੈਂ ਉਹਨੂੰ ਦੇਖਦਾ ਨਹੀਂ। (ਆਯੂਬ 23:8-9)

ਉਹ ਅਲੱਖ ਪਰਮੇਸ਼ਵਰ ਦਾ ਰੂਪ ਅਤੇ ਸਾਰੀ ਸ੍ਰਿਸ਼ਟੀ ਵਿਚੋਂ ਜੇਠਾ ਹੈ। (1 ਕੁਲੁਸੀਆਂ 1:15)

ਨਿਹਚਾ ਨਾਲ ਉਹਨੇ ਪਾਤਸ਼ਾਹ ਦੇ ਕ੍ਰੋਧ ਤੋਂ ਭੈ ਨਾ ਕਰਕੇ ਮਿਸਰ ਨੂੰ ਛੱਡ ਦਿੱਤਾ ਕਿਓਂ ਜੁ ਉਹ ਅਲੱਖ ਨੂੰ ਜਾਂਦਾ ਲੱਖਾਂ ਤੋਂ ਤਕੜਾ ਰਿਹਾ। (ਇਬ੍ਰਾਨੀਆਂ 11:27)

ਪਰਮੇਸ਼ਵਰ ਹਰ ਸਮੇ, ਸਭ ਜਗਾ ਤੇ ਹੈ ਪਰ ਉਹ ਕਿਸੇ ਤਰਾਂ ਨਾਲ ਭੀ ਵਧਵੇਂ ਰੂਪ ਵਿਚ ਨਹੀਂ ਪਰ ਉਹ ਹਰ ਥਾਂ ਸਦਾ ਪੂਰਾ ਪਰਮੇਸ਼ਵਰ ਹੈ। ਜਦੋਂ ਪਵਿੱਤਰ ਵਚਨ ਕਹਿੰਦੇ ਹਨ ਕਿ ਪਰਮੇਸ਼ਵਰ ਥੱਲੇ ਉੱਤਰਿਆ ਜਾਂ ਪਰਮੇਸ਼ਵਰ ਨੇ ਆਪਣਾ ਹੱਥ ਵਧਾਇਆ ਤਾਂ ਉਹ ਕੇਵਲ ਇਸ ਲਈ ਕਿਹਾ ਜਾਂਦਾ ਹੈ ਕਿ ਅਸੀਂ ਉਸਦਾ ਅਰਥ ਸਮਝ ਲਈਏ ਕਿਓਂਕਿ ਸਾਡੀ ਸਮਝ ਵਿਚ ਭੀ ਬਹੁਤ ਸਾਰੀਆਂ ਸੀਮਾਵਾਂ ਹਨ ਅਤੇ ਅਸੀਂ ਸੀਮਤ ਮਨੁੱਖ ਅਸੀਮ ਨੂੰ ਨਹੀਂ ਸਮਝ ਸਕਦੇ। ਇਸ ਲਈ ਇਹ ਸੁਭਾਵਿਕ ਹੈ ਅਤੇ ਸਹੀ ਭੀ। ਪਰਮੇਸ਼ਵਰ ਵਾਰੇ ਇਹ ਸੱਚ ਹੈ।

ਅਕਾਸ਼ ਅਤੇ ਸਮਾਂ ਭੀ ਇਸੇ ਲਈ ਨਿਸ਼ਚਿਤ ਕੀਤਾ ਗਿਆ ਹੈ ਤਾਂਕਿ ਅਸੀਂ ਸੀਮਤ ਲੋਗ ਅਸੀਮ ਪਰਮੇਸ਼ਵਰ ਦੇ ਅਸੀਮਿਤ ਆਕਾਸ਼ ਨੂੰ ਅਤੇ ਅਸੀਮ ਸਮੇ ਨੂੰ ਸਮਝ ਸਕੀਏ। ਇਸੇ ਲਈ ਪਰਮੇਸ਼ਵਰ ਸਦਾ I AM ਹੈ ਅਤੇ ਉਹ I WAS ਜਾਂ I WILL BE ਨਹੀਂ ਹੈ। ਅਨੰਤ ਪਰਮੇਸ਼ਵਰ ਵਾਰੇ ਇਹ ਸਾਰੇ ਸੱਚ ਹਨ ਅਤੇ ਅਸੀਂ ਸੀਮਤ ਹੋਕੇ ਅਸੀਮ ਨੂੰ ਨਹੀਂ ਜਾਣ ਸਕਦੇ।

## ਪਰਮੇਸ਼ਵਰ ਅਛੋਹ ਹੈ

ਰਾਹ ਸਚਾਈ ਅਤੇ ਜੀਵਨ ਮੈਂ ਹਾਂ ਕੋਈ ਭੀ ਪਿਤਾ ਕੋਲ ਮੇਰੇ ਵਸੀਲੇ ਤੋਂ ਬਿਨਾ ਨਹੀਂ ਜਾਂਦਾ। (ਯੂਹੰਨਾ 14:6)

ਸਭੇ ਕੁਝ ਮੇਰੇ ਪਿਤਾ ਨੇ ਮੈਨੂੰ ਸੌਂਪਿਆ ਹੋਇਆ ਹੈ ਅਤੇ ਕੋਈ ਨਹੀਂ ਜਾਣਦਾ ਕਿ ਪੁੱਤਰ ਕੌਣ ਹੈ ਪਰ ਪਿਤਾ ਅਤੇ ਪਿਤਾ ਕੌਣ ਹੈ ਪਰ ਪੁੱਤਰ ਅਤੇ ਜਿਸ ਉੱਤੇ ਪੁੱਤਰ ਉਸਨੂੰ ਪ੍ਰਗਟ ਕਰਨਾ ਚਾਹੇ। (ਲੁਕਾ 10:22)

ਅਮ੍ਰਤਾਈ ਕੇਵਲ ਉਸਦੀ ਹੈ ਅਤੇ ਉਹ ਅਛੋਹ ਜੋਤ ਵਿਚ ਵਸਦਾ ਹੈ ਅਤੇ ਮਨੁਖਾਂ ਵਿਚੋਂ ਕਿਸੇ ਨੇ ਉਸਨੂੰ ਨਹੀਂ ਦੇਖਿਆ ਅਤੇ ਨਾਂ ਹੀ ਉਹ ਕਿਸੇ ਵਲੋਂ ਦੇਖਿਆ ਜਾ ਸਕਦਾ ਹੈ। ਉਸੇ ਦਾ ਆਦਰ ਅਤੇ ਪਰਾਕ੍ਰਮ ਸਦਾ ਦਾ ਹੈ। (1 ਤਿਮੁਥੀ 6:16)

ਮਿਸਰ ਦੇ ਹੁਕਮਰਾਨ ਸਦਾਮ ਹੁਸੈਨ ਨੇ ਕਿਹਾ ਕਿ ਉਹ ਨਾਂ ਤਾਂ ਪੁੱਤਰ ਨੂੰ ਜਾਣਦਾ ਹੈ ਅਤੇ ਨਾ ਹੀ ਪਵਿੱਤਰ ਆਤਮਾ ਨੂੰ ਜਾਣਦਾ ਹੈ ਪਰ ਉਹ ਪਿਤਾ ਨੂੰ ਜਾਣਦਾ ਹੈ। ਇਸ ਵਿਚ ਉਹਦਾ ਦੋਸ਼ ਨਹੀਂ ਕਿਓਂਕੇ ਉਸਦਾ ਧਾਰਮਿਕ ਵਿਸ਼ਵਾਸ ਉਹਨੂੰ ਇਹੋ ਹੀ ਦੱਸਦਾ ਹੈ ਪਰ ਸੱਚ ਇਹ ਹੈ ਕਿ ਪੁੱਤਰ ਨੂੰ ਜਾਣੇ ਬਿਨਾ ਪਿਤਾ ਨੂੰ ਨਹੀਂ ਜਾਣਿਆ ਸਕਦਾ ਕਿਓਂਕਿ ਪਿਤਾ ਤੱਕ ਪਹੁੰਚਣ ਦੇ ਲਈ ਯਿਸ਼ੂ ਹੀ ਬੂਹਾ ਹੈ।

ਰਸੂਲ ਫਿਲਿਪ ਨੇ ਯਿਸ਼ੂ ਨੂੰ ਕਿਹਾ ਕਿ ਸਾਨੂੰ ਪਿਤਾ ਦੇ ਦਰਸ਼ਨ ਕਰਵਾ ਤਾਂ ਯਿਸ਼ੂ ਨੇ ਕਿਹਾ ਕਿ ਫਿਲਿਪ ਮੈਂ ਇੰਨੇ ਚਿਰ ਤੋਂ ਤੁਹਾਡੇ ਵਿਚ ਹਾਂ। ਕਿਆ ਤੁਸੀਂ ਮੈਨੂੰ ਨਹੀਂ ਜਾਣਿਆ? ਜਿਸ ਨੇਂ ਮੈਨੂੰ ਜਾਣਿਆ ਹੈ ਉਸਨੇ ਪਿਤਾ ਨੂੰ ਜਾਣਿਆ ਹੈ। (ਯੂਹੰਨਾ 14:9) ਦੂਜੇ ਸ਼ਬਦਾਂ ਵਿਚ ਪਿਤਾ ਨੂੰ ਕੇਵਲ ਇੱਕੋ ਜਗਾ ਦੇਖ ਸਕਦੇ ਹਾਂ ਅਤੇ ਉਹ ਕੇਵਲ ਜਿਥੇ ਪਿਤਾ ਖੁਦ ਨੂੰ ਪ੍ਰਗਟ ਕਰਦਾ ਹੈ ਅਤੇ ਉਹ ਹੈ ਕੇਵਲ ਯਿਸ਼ੂ।

## ਪਿਤਾ ਪਰਮੇਸ਼ਵਰ "ਅੱਬਾ"

ਮਸੀਹ ਨੇ ਪਿਤਾ ਦੇ ਰਿਸ਼ਤੇ ਨੂੰ ਇੱਕ ਨਵੀਂ ਪਰਿਭਾਸ਼ਾ ਦਿੱਤੀ। ਮਸੀਹ ਦੀ ਸੋਚ ਵਿਚ ਮੂਸਾ ਅਤੇ ਪਲੈਟੋ, ਹੋਸੀਆ ਅਤੇ ਸ਼ੀਰਸ਼ ਨੇ ਪਰਮੇਸ਼ਵਰ ਪਿਤਾ ਦੇ ਰੁਤਵੇ ਦੀ ਗੱਲ ਤਾਂ ਕੀਤੀ ਪਰ ਉਹਨਾਂ ਨੇ ਅਤੇ ਉਹਨਾਂ ਦੇ ਸ਼ਰਧਾਲੂਆਂ ਨੇ ਪਿਤਾ ਦਾ ਰੁਤਵਾ ਉਸ ਤਰਾਂ ਦਾ ਨਹੀਂ ਸਮਝਿਆ ਜਿਵੇਂ ਯਿਸ਼ੂ ਨੇ ਬਿਆਨ ਕੀਤਾ। ਉਹਨਾਂ ਨੇ ਪਿਤਾ  ਦੀ ਗੱਲ ਤਾਂ ਕੀਤੀ ਪਰ ਉਹ ਇਵੇਂ ਲਗਦਾ ਸੀ ਜਿਵੇਂ ਉਹ ਲੌਰਡ ਦੀ ਗੱਲ ਕਰਦੇ ਹੋਣ।

ਯਿਸ਼ੂ ਨੇ ਪਰਮੇਸ਼ਵਰ ਪਿਤਾ ਬਾਰੇ ਕਿਹਾ ਅਤੇ ਸਾਰੇ ਹੀ ਇਹ ਸਮਝਣ ਲੱਗ ਪਏ ਕਿ ਉਹ ਪਿਤਾ ਪਰਮੇਸ਼ਵਰ ਹੈ ਅਤੇ ਉਹ ਸਭ ਦਾ ਰੂਹਾਨੀ ਪਿਤਾ ਹੈ। ਉਹਨਾਂ ਦੇ ਲਈ ਪਰਮੇਸ਼ਵਰ ਪਿਤਾ ਦਾ ਅਰਥ ਸੀ ਰਚਨਹਾਰ, ਮੁਕਤੀਦਾਤਾ, ਲੌਰਡ, ਗੁਨਾਹ ਮਾਫ ਕਰਨ ਵਾਲਾ ਅਤੇ ਪਿਆਰ ਕਰਨ ਵਾਲਾ ਸੀ ਪਰ ਯਿਸ਼ੂ ਦੇ ਲਈ ਪਿਤਾ ਪਰਮੇਸ਼ਵਰ ਦਾ ਅਰਥ ਹੈ ਕੇਵਲ ਪਿਤਾ ਪਰਮੇਸ਼ਵਰ। ਇਸ ਨਾਲ ਪਿਤਾ ਅਤੇ ਪੁੱਤਰ ਵਿਚ ਇੱਕ ਸਦਾਵੀ ਰਿਸ਼ਤਾ ਪੈਦਾ ਹੋ ਗਿਆ। ਸਾਡੇ ਲਈ ਭੀ ਪਰਮੇਸ਼ਵਰ ਦੇ ਪੁੱਤਰ ਹੋਣ ਦਾ ਅਰਥ ਕੇਵਲ ਰਿਸ਼ਤਾ ਨਹੀਂ ਪਰ ਸੱਚਮੁੱਚ ਪਿਤਾ ਪਰਮੇਸ਼ਵਰ ਦੇ ਪੁੱਤਰ ਧੀਆਂ ਹੋਣਾ ਹੈ। ਮਸੀਹ ਦੇ ਪਿਤਾ ਪਰਮੇਸ਼ਵਰ ਦਾ ਰਿਸ਼ਤਾ ਅੱਬਾ ਦਾ ਰਿਸ਼ਤਾ ਹੈ ਉਹੋ ਸਾਡੇ ਲਈ ਭੀ ਅੱਬਾ ਹੈ ਜਿਵੇਂ ਉਹ ਮਸੀਹ ਦੇ ਲਈ ਅੱਬਾ ਹੈ। ਅਤੇ ਅਸਾਂ ਵਿਸ਼ਵਾਸੀਆਂ ਦੇ ਲਈ ਭੀ ਉਹੋ ਹੀ ਅੱਬਾ ਅਤੇ ਬੱਚਿਆਂ ਦਾ ਰਿਸ਼ਤਾ ਹੈ। ਅਮੀਨ